# ਸਭਿਆਚਾਰ ਅਤੇ ਬੋਲੀ ਤੇ ਹਮਲਾ ਗ਼ੁਲਾਮੀ ਦੀ ਮੁੱਢਲੀ ਸ਼ਰਤ ਕੇਂਦਰ ਦੀ ਬਸਤੀ : ਪੰਜਾਬ

– ਪ੍ਰੋ. ਕਿਸ਼ਨ ਸਿੰਘ (ਸਵਰਗਵਾਸੀ)

ਕੇਂਦਰੀ ਸਰਮਾਏਦਾਰੀ ਤੇ ਕੇਂਦਰੀ ਸਰਕਾਰ ਨੇ ਮੁਲਕ ਦੀ ਵੰਡ ਦੇ ਹੁੰਦਿਆਂ ਹੀ, ਬਰਤਾਨਵੀ ਸਾਮਰਾਜ ਵਾਲੀ ਨੀਤੀ ਨੂੰ ਹੋਰ ਪੱਕਿਆਂ ਕਰਕੇ ਏਧਰ ਬਚੇ ਪੰਜਾਬ ਨੂੰ ਬਸਤੀ ਬਣਾ ਕੇ ਰੱਖਣ ਦਾ ਰਾਹ ਅਪਣਾ ਲਿਆ। ਪੰਜਾਬ ਨਾਲ ਜੋ ਬੀਤੀ ਅਤੇ ਬੀਤ ਰਹੀ ਹੈ ਉਸਨੂੰ ਸਮਝਣ ਵਾਸਤੇ ਇਹ ਜਾਨਣਾ ਜ਼ਰੂਰੀ ਹੈ ਕਿ ਸਾਮਰਾਜ ਕਿਸੇ ਮੁਲਕ ਜਾਂ ਕਿਸੇ ਇਲਾਕੇ ਨੂੰ ਆਪਣੀ ਬਸਤੀ ਕਿਵੇਂ ਬਣਾ ਕੇ ਰੱਖਦਾ ਹੈ। ਸਾਮਰਾਜ ਦਾ ਕਿਸੇ ਮੁਲਕ ਜਾਂ ਕਿਸੇ ਇਲਾਕੇ ਨੂੰ ਬਸਤੀ ਬਣਾ ਕੇ ਰੱਖਣ ਦਾ ਮਨੋਰਥ ਉਸਨੂੰ ਆਰਥਕ ਤੌਰ ਤੇ ਲੁੱਟਣਾ, ਉਸਦੀ ਵਸੋਂ ਦੀ ਕਿਰਤ-ਸ਼ਕਤੀ ਤੋਂ ਬਣੇ ਸਰਮਾਏ ਨੂੰ ਲੁੱਟਣਾ, ਹੁੰਦਾ ਹੈ, ਅਜਿਹਾ ਕਰਨ ਲਈ ਉਹ ਸਭ ਤੋਂ ਪਹਿਲਾਂ ਅਗਲੇ ਨੂੰ ਸਿਆਸੀ ਤੌਰ ਤੇ ਨਿਹੱਥਿਆਂ ਕਰਦਾ ਹੈ। ਸਿਆਸੀ ਤਾਕਤ ਦੇ ਹੁੰਦਿਆਂ ਕੌਣ ਆਪਣੀ ਲੁੱਟ ਕਰਵਾ ਸਕਦਾ ਹੈ ?

ਜੇ ਸਾਮਰਾਜ ਬਾਹਰੋਂ ਆਵੇ ਤਾਂ ਸਿਆਸੀ ਤਾਕਤ ਮੈਦਾਨੇ ਜੰਗ ਵਿਚ ਅਗਲਿਆਂ ਨੂੰ ਹਾਰ ਦੇ ਕੇ ਖੋਹੀ ਜਾਂਦੀ ਹੈ। ਫੌਜੀ ਜਿੱਤ ਅਤੇ ਆਪਣੇ ਹਿੱਤੀ ਰਾਜ-ਪ੍ਰਬੰਧ ਦੀ ਸਥਾਪਤੀ ਪਹਿਲਾ, ਫੌਰੀ ਕਦਮ ਹੀ ਹੁੰਦਾ ਹੈ। ਅਸਲ ਕੰਮ ਹੁੰਦਾ ਹੈ ਉਥੋਂ ਦੀ ਵਸੋਂ ਨੂੰ ਥਾਂ ਸਿਰ ਕਰਨਾ। ਉਸਦੀ ਮਾਨਸਿਕ ਹਾਲਤ ਐਸੀ ਬਨਾਉਣੀ ਕਿ ਉਹ ਅੱਗੋਂ ਕੁਸਕਣ ਜੋਗੀ ਹੀ ਨਾ ਰਹੇ। ਉਸਦੀ ਅਣਖ ਤੇ ਕਰਾਰੀ ਚੋਟ ਮਾਰਨੀ, ਉਸ ਦੀਆਂ ਔਰਤਾਂ ਦੀ ਬੇਪਤੀ ਕਰਨੀ। ਆਮ ਤੌਰ ਤੇ ਖਿਆਲ ਕੀਤਾ ਜਾਂਦਾ ਹੈ ਕਿ ਜਿੱਤੇ ਹੋਏ ਫੌਜੀ ਹਾਰੀ ਹੋਈ ਵਸੋਂ ਦੀਆਂ ਔਰਤਾਂ ਦੀ ਬੇਪਤੀ ਇਸ ਕਰਕੇ ਕਰਦੇ ਹਨ ਕਿ ਫੌਜੀਆਂ ਵਿਚ ਲਿੰਗ-ਭੁੱਖ ਬੇਅੰਤ ਹੁੰਦੀ ਹੈ। ਪਰ ਇਹ ਪੂਰਾ ਸੱਚ ਨਹੀਂ। ਫੌਜੀਆਂ ਦੀ ਇਹ ਵਹਿਸ਼ਤ ਜੇਤੂਆਂ ਦੇ ਮਨੋਰਥਾਂ ਦੇ ਰਾਸ ਆਉਂਦੀ ਹੈ। ਅਗਲਿਆਂ ਦੀ ਬੁਰ ਭੰਨਦੀ ਹੈ। ਪਰ ਇਹ ਤਾਕਤ ਤੱਤ ਫੱਟੀ ਦਾ ਸੰਦ ਹੈ। ਹੰਢਣ ਵਾਲਾ ਹਥਿਆਰ ਨਹੀਂ। ਹੰਢਣ ਵਾਲਾ ਚਿਰ ਤਕ ਨਿਭਣ ਵਾਲਾ ਹਥਿਆਰ ਹੁੰਦਾ ਹੈ; ਹਾਰੀ ਹੋਈ ਵਸੋਂ ਦੇ ਸਭਿਆਚਾਰ ਨੂੰ ਮਲੀਆ ਮੇਟ ਕਰਨਾ।

ਕਲਚਰ ਹੈ ਕੀ ? ਬੰਦੇ ਦੀ ਬਣਤਰ, ਉਸਦੀ ਮਨੋਵੇਗਕ ਬਲੀਤਰ, ਉਸ ਦੀਆਂ ਕਦਰਾਂ ਕੀਮਤਾਂ, ਉਸਦੀ ਸਮੁੱਚੀ ਬਣਤਰ ਨੂੰ ਸਮਕਾਲੀ ਜ਼ਿੰਦਗੀ ਨੂੰ ਹੁੰਗਾਰਾ, ਵਸੋਂ ਦੀ ਕਲਚਰ ਮਲਿਆਂਮੇਟ ਹੋ ਗਈ, ਉਸ ਬੰਦੇ ਦੀ ਬਣਤਰ ਆਪੇ ਢਹਿ ਢੇਰੀ ਹੋ ਗਈ। ਵਸੋਂ ਦੇ ਕਲਚਰ ਨੂੰ, ਉਸਦੇ ਜ਼ਿੰਦਗੀ ਵੱਲ ਹੁੰਗਾਰੇ ਨੂੰ ਸਮਕਾਲੀ ਜ਼ਿੰਦਗੀ ਦੇ ਹਾਣੀ ਨਾ ਰਹਿਣ ਦਿਓ ਉਸਦੇ ਹੀਣਾ ਕਰ ਦਿਓ; ਉਸ ਵਿਚ ਸਦਾਚਾਰਕ ਸਾਹਸ ਹੀ ਨਹੀਂ ਰਹੇਗਾ। ਉਸਦਾ ਸਿਰ ਆਪਣੇ ਆਪ ਹੀ ਤੁਹਾਡੇ ਅੱਗੇ ਨੀਵਾਂ ਹੋ ਜਾਵੇਗਾ। ਉਹ ਤੁਹਾਡੇ ਅੱਗੇ ਆਪਣੀ ਅਧੀਨਗੀ ਆਪਣੇ ਆਪ ਅੰਦਰੋਂ ਕਬੂਲ ਕਰੇਗੀ ਸੋ ਵਸੋਂ ਨੂੰ ਇਸ ਦਸ਼ਾ ਵਿਚ ਲਿਆਉਣ ਵਾਸਤੇ ਸਾਮਰਾਜ ਪੈਂਦੀ ਸੱਟ ਕਲਚਰ ਦੇ ਮੁਹਾਜ਼ ਉਪਰ ਤੋਪਾਂ ਦਾਗਦਾ ਹੈ। ਇਸ ਗੱਲ ਦੀ ਕਿਸਨੂੰ ਭੁੱਲ ਹੈ ਕਿ ਪੱਛਮੀ ਸਾਮਰਾਜ ਦੁਨੀਆਂ ਦੇ ਜਿਸ ਹਿੱਸੇ ਵਿਚ ਵੀ ਗਿਆ ਹੈ ਉਸਨੇ ਉਥੋਂ ਦੀ ਵਸੋਂ ਦੇ ਕਲਚਰ ਦਾ ਸਾਹ ਸਭ ਤੋਂ ਪਹਿਲਾਂ ਪੀਤਾ ਹੈ। ਬੰਦੇ ਦਾ ਸਾਹ ਅੰਦਰੋਂ ਹੀ ਪੀ ਲਉ, ਬੰਦਾ ਆਪੇ ਦਾਸ ਹੋ ਗਿਆ। ਪੱਛਮੀ ਸਾਮਰਾਜ ਨੇ ਅਗਲਿਆਂ ਦੀਆਂ ਬੋਲੀਆਂ ਖਤਮ ਕੀਤੀਆਂ ਆਪਣੀਆਂ ਉਤਾਂਹ ਕੀਤੀਆਂ। ਅਗਲਿਆਂ ਦੇ ਕਲਚਰ ਉਪਰ ਸੱਟ ਮਾਰੀ। ਉਹਨਾਂ ਦੀ ਸਾਹ ਰਗ ਵੱਢੀ।

ਬੋਲੀ ਹੈ ਕੀ ? ਜੋ ਉਸ ਨੂੰ ਬੋਲਦੇ ਹਨ ਉਹਨਾਂ ਦੀ ਬਣਤਰ, ਉਸ ਬਣਤਰ ਦਾ ਅਕਸ। ਉਹਨਾਂ ਦੀ ਮਾਨਸਕ ਮਨੋਵੇਗਕ ਬਣਤਰ ਦਾ ਉਹਨਾਂ ਦੇ (ਕਲਚਰ) ਦਾ, ਉਹਨਾਂ ਦੀ ਜ਼ਿੰਦਗੀ ਦੇ ਹੁੰਗਾਰੇ ਦਾ, ਉਹਨਾਂ ਦੇ ਇਤਿਹਾਸਕ ਅਨੁਭਵ ਦਾ, ਉਹਨਾਂ ਦੇ ਸੁਭਾ-ਬਣਤਰ, ਉਹਨਾਂ ਦੀ ਜ਼ਿੰਦਗੀ ਦੀ ਮਟਕ, ਨੁਹਾਰ ਦੇ ਪ੍ਰਗਟਾ ਦਾ ਲਫ਼ਜ਼ਾਂ ਵਿਚ ਮੁਹਾਵਰਾ। ਬੋਲੀ, ਉਸਨੂੰ ਬੋਲਣ ਵਾਲਾ ਬੰਦਾ ਹੈ। ਉਸਦੀ ਜ਼ਿੰਦਗੀ ਦਾ ਇਜ਼ਹਾਰ ਹੈ। ਸਾਮਰਾਜ ਨੇ ਅਗਲਿਆਂ ਨੂੰ ਠਿੱਠ ਕੀਤਾ। ਤੁਹਾਡੀ ਬੋਲੀ ਵੀ ਕੋਈ ਬੋਲੀ ਹੈ ? ਤੁਹਾਨੂੰ ਦਿਸਦੀ ਨਹੀਂ ? ਇਹ ਤਾਂ ਗੰਵਾਰ, ਅਨਪੜ੍ਹ, ਅਸਭਿਆ ਹੈ; ਇਹ ਕੋਈ ਬੰਦਿਆਂ ਦੇ ਬੰਦੇ ਬਣਕੇ ਜੀਉਣ ਦੀ, ਸਭਿਅਤਾ ਦੀ

ਉਸਾਰੀ ਦੀ ਬੋਲੀ ਥੋੜ੍ਹੀ ਹੈ, ਇਸ ਵਿਚ ਨਾ ਸਭਿਅਤਾ ਦੀ ਲਿਸ਼ਕ ਹੈ ਅਤੇ ਨਾ ਉਸਦਾ ਪੁਸ਼ਕ, ਅਗਲਿਆਂ ਦਾ ਮਨ ਆਪਣੀ ਬੋਲੀ ਵਲੋਂ ਭੈੜਾ ਪਵਾ ਦਿੱਤਾ। ਤੇ ਉਹ ਮੂੰਹ ਢੱਕ ਕੇ ਵੇਖਣ ਲੱਗ ਪਏ ਆਪਣੇ ਹਾਕਮਾਂ ਦੀ ਬੋਲੀ ਵੱਲ।

ਸਾਮਰਾਜ ਨੇ ਅਗਲਿਆਂ ਦੇ ਇਤਿਹਾਸ ਦਾ ਵੀ ਮਲੀਆਮੇਟ ਕੀਤਾ। ਉਸ ਤੇ ਕਾਲੀ ਸਿਆਹੀ ਫੇਰ ਦਿੱਤੀ। ਉਸਨੂੰ ਮਹਿਸੂਸ ਕਰਵਾ ਦਿੱਤਾ ਕਿ ਤੁਸੀਂ ਤਾਂ ਆਪਣੇ ਸਾਰੇ ਇਤਿਹਾਸ ਵਿਚ ਘੀਸੀ ਹੀ ਕਰਦੇ ਰਹੇ ਜੇ। ਬਰਤਾਨਵੀ ਸਾਮਰਾਜ ਦੇ ਇਤਿਹਾਸਕਾਰਾਂ ਨੇ ਸਾਡੇ ਮੁਲਕ ਦਾ ਇਤਿਹਾਸ ਲਿਖਿਆ। ਸਾਡੇ ਉਤੇ ਮਿਹਰ ਨਹੀਂ ਸੀ ਕੀਤੀ। ਸਾਡੇ ਇਤਿਹਾਸ ਨੂੰ ਟੇਢ਼ ਦਿੱਤੀ ਉਸਨੂੰ ਆਪਣਾ ਵਿਚਾਰਧਾਰਕ ਸੰਦ ਬਣਾ ਕੇ ਵਰਤਿਆ। ਸਾਨੂੰ ਮਹਿਸੂਸ ਕਰਵਾਇਆ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡੇ ਤਾਂ ਹਮੇਸ਼ਾਂ ਖੇਹ ਹੀ ਉਡਦੀ ਰਹੀ।

ਸਾਮਰਾਜ ਨੇ ਅਗਲਿਆਂ ਦੇ ਕਲਚਰ ਦਾ ਮਜ਼ਾਕ ਉਡਾਇਆ। ਕਿਥੇ ਹੈ ਤੁਹਾਡਾ ਕਲਚਰ? ਕੀ ਹੈ ਤੁਹਾਡੀ ਕਲਚਰ? ਬੰਦੇ ਬਣਕੇ ਜੀਉਣ ਦੀ ਤੁਹਾਨੂੰ ਸਾਰ ਹੀ ਨਹੀਂ ਕਿ ਬੰਦਿਆਂ ਤੇ ਪਸ਼ੂਆਂ ਵਿਚ ਕੀ ਫਰਕ ਹੁੰਦਾ ਹੈ? ਸਾਮਰਾਜ ਨੇ ਅਗਲਿਆਂ ਦੀ ਮਾਨਸਿਕ ਅਵਸਥਾ ਹੀ ਐਸੀ ਬਣਾ ਦਿੱਤੀ ਕਿ ਉਹ ਆਪਣੇ ਆਪ ਵਲੋਂ, ਆਪਣੀ ਬੋਲੀ ਵਲੋਂ, ਆਪਣੇ ਕਲਚਰ ਵਲੋਂ, ਆਪਣੇ ਇਤਿਹਾਸ ਵਲੋਂ, ਗੱਲ ਕੀ ਆਪਣੇ ਸਭ ਕਾਸੇ ਵਲੋਂ ਆਪਣੇ ਆਪ ਸ਼ਰਮਸ਼ਾਰ ਹੋਣ ਲੱਗੇ। ਜਿੰਨਾ ਚਿਰ ਬੰਦੇ ਨੂੰ ਅੰਦਰੋਂ, ਕਲਚਰ ਵਲੋਂ ਜਿਹਨੀ ਤੌਰ ਤੇ ਨਾ ਮਾਰਿਆ ਜਾਵੇ ਬੰਦਾ ਮਰਦਾ ਕਦੋਂ ਹੈ? ਉਹ ਗ਼ੁਲਾਮ ਹੋ ਕੇ ਦਿਨ ਪੂਰੇ ਕਰਨ ਦੇ ਰਾਹੇ ਕਦੋਂ ਪੈਂਦਾ ਹੈ? ਸਾਮਰਾਜ ਨੇ ਜਦ ਤਕ ਅਗਲਿਆਂ ਨੂੰ ਅੰਦਰੋਂ ਜ਼ਿਹਨੀ ਤੌਰ ਤੇ ਮਾਰ ਨਾ ਲਿਆ। ਜਦੋਂ ਅੰਦਰੋਂ ਮਾਰ ਲਿਆ ਫਿਰ ਅੱਖਾਂ ਮੀਚ ਕੇ ਉਹਨਾਂ ਦਾ ਲਹੂ ਪੀਤਾ, ਉਹਨਾਂ ਤੇ ਰਾਜ ਕੀਤਾ। ਜਿੰਨਾ ਚਿਰ ਕਿਸੇ ਵਸੋਂ ਨੂੰ, ਉਸਦੇ ਆਪਣੇ ਅੰਦਰੋਂ, ਉਸਦੇ ਆਪਣੇ ਆਪ ਦਾ ਹੀਣ ਹੋਣਾ ਮਹਿਸੂਸ ਨਾ ਕਰਵਾਇਆ ਜਾਵੇ, ਉਸਦਾ ਸਵੈਮਾਨ, ਉਸਦੀ ਅਣਖ ਨਹੀਂ ਮਰਦੀ, ਉਹ ਪੱਧਰੀ ਪੈ ਕੇ ਗ਼ੁਲਾਮ ਪੈਣ ਦੇ ਰਾਹੇ ਨਹੀਂ ਪੈਂਦੀ।

ਸੋ ਹਰ ਸਾਮਰਾਜ ਦਾ ਪਹਿਲਾ, ਬੁਨਿਆਦੀ ਮਨੋਰਥ ਹੁੰਦਾ ਹੈ ਅਗਲੀ ਵਸੋਂ ਨੂੰ ਉਸਦੀ ਬੋਲੀ, ਇਤਿਹਾਸ, ਕਲਚਰ ਗੱਲ ਕੀ ਉਸਦੇ ਸਭ ਕਾਸੇ ਵਲੋਂ ਉਸਦੀ ਸਾਰੀ ਤਰਜੇ-ਜ਼ਿੰਦਗੀ ਵਲੋਂ ਹੀਣ ਭਾਵ ਦਾ ਸ਼ਿਕਾਰ ਬਣਾਉਣਾ ਤੇ ਆਪਣੇ ਸਾਮਰਾਜੀ ਕਲਚਰ ਦੀ ਲਿਸ਼ਕ-ਪੁਸ਼ਕ ਆਦਿ ਬਾਬਤ ਉਸ ਦੀਆਂ ਅੱਖਾਂ ਚੁੰਧਿਆਉਣੀਆਂ।

ਹਰ ਕੌਮ ਵਾਸਤੇ ਆਪਣੀ ਬੋਲੀ, ਆਪਣੇ ਕਲਚਰ ਦੇ ਨਰੋਏ ਪੱਖਾਂ, ਆਪਣੇ ਇਤਿਹਾਸ ਦੇ ਉਸਾਰੂ ਅੰਗਾਂ ਦਾ ਮਾਣ, ਉਹਨਾਂ ਦਾ ਪਿਆਰ, ਉਸਦੀ ਨਰੋਈ ਜ਼ਿੰਦਗੀ ਵਾਸਤੇ ਲਾਜ਼ਮੀ ਹੁੰਦਾ ਹੈ।

ਆਪਣੇ ਇਤਿਹਾਸਕ ਅਨੁਭਵ ਅਤੇ ਕਲਚਰ ਦੇ ਪਿਆਰ ਦਾ ਇਹ ਮਤਲਬ ਨਹੀਂ ਕਿ ਉਸ ਵਿਚ ਚੰਗੇ ਮਾੜੇ ਦੀ ਤਮੀਜ਼ ਹੀ ਨਾ ਕੀਤੀ ਜਾਵੇ ਜਾਂ ਉਸਨੂੰ ਸਦਾਚਾਰਕ ਛਾਨਣੇ ਥਾਣੀ ਛਾਣਿਆਂ ਹੀ ਨਾ ਜਾਵੇ ਉਸਦਾ ਇਹ ਮਤਲਬ ਨਹੀਂ ਕਿ ਹੋ ਚੁੱਕੇ ਨੂੰ ਗਲ ਨਾਲ ਲਾ ਕੇ ਧਰਵਾਸ ਕਰ ਲਿਆ ਜਾਵੇ ਤੇ ਵਰਤਮਾਨ ਵਿਚ ਕੀਤਾ ਕਰਾਇਆ ਕੁਛ ਨਾ ਜਾਵੇ। ਉਸਦਾ ਮਤਲਬ ਹੈ ਕਿ ਉਸਦੇ ਇਤਿਹਾਸਕ ਅਨੁਭਵ ਦੇ ਨਰੋਏ ਅੰਗਾਂ ਦੇ ਅਧਾਰ ਤੇ, ਆਪਣੀ ਬੋਲੀ, ਆਪਣੇ ਕਲਚਰ ਨੂੰ, ਆਪਣੇ ਬਣ ਰਹੇ ਇਤਿਹਾਸ ਨੂੰ ਹਾਲਤ ਦੇ ਹਾਣੀ ਕਰੀ ਜਾਣਾ। ਉਸਨੂੰ ਉਸਾਰੀ ਜਾਣਾ। ਕਲਚਰ ਅਜੈਬ ਘਰਾਂ ਵਿਚ ਰੱਖੀਆਂ ਚੀਜ਼ਾਂ ਵਾਂਗ ਨਹੀਂ ਬਚਦਾ। ਉਹ ਬਚਦਾ ਹੀ ਤਾਂ ਹੈ ਜੇ ਉਹ ਹਾਲਤ ਨੂੰ ਭਰਵਾਂ, ਸਾਵਾਂ ਹੁੰਗਾਰਾ ਦਿੰਦਾ ਵਧਦਾ ਫੁਲਦਾ, ਉਸਰਦਾ ਬਦਲਦਾ ਤੁਰਿਆ ਜਾਵੇ। ਕਲਚਰ ਕੋਈ ਬੁਕਲ ਦਾ ਮਾਣ ਨਹੀਂ ਜਿਸਨੂੰ ਰੁਮਾਲਾਂ ਵਿਚ ਵਲੇਟ ਕੇ ਸੰਦੂਕ ਵਿਚ ਰੱਖਿਆ ਜਾ ਸਕੇ। ਕਲਚਰ ਅਮਲੀ ਖੇਤਰ ਦਾ ਸੰਦ ਹੈ ਜੋ ਵਰਤੀਂਦਾ ਹੀ ਲਿਸ਼ਕਦਾ ਰਹਿ ਸਕਦਾ ਹੈ। ਗੱਲ ਸਪੱਸ਼ਟ ਹੈ। ਕਲਚਰ ਬੰਦੇ ਦੀ ਬਣਤਰ ਹੈ, ਉਸਦੀ ਜ਼ਿੰਦਗੀ ਦੀ ਪਕੜ ਹੈ ਜੋ ਢਿੱਲੀ ਹੋਈ ਤੇ ਗਈ। ਉਸਦੇ ਬਦਲਦੇ ਹਾਲਤ ਨਾਲ ਦਸਤਪੰਜਾ ਲੈਂਦੇ ਜਾਣਾ, ਸਾਵੇ ਸਵਾਏ ਹੁੰਦੇ ਜਾਣਾ ਉਸਦੀ

ਜੀਵਨ ਬੂਟੀ ਹੈ। ਜਿਸ ਅੰਗ ਨੂੰ ਸਮਾਂ ਪਛਾੜ ਗਿਆ ਉਸ ਨੂੰ ਕੁੰਜ ਵਾਂਗ ਲਾਹੀ ਜਾਣਾ, ਤੇ ਜਿਸ ਨੂੰ ਸਮਾਂ ਪੈਦਾ ਕਰ ਰਿਹਾ ਹੈ ਰਾਹ ਦੇ ਰਿਹਾ ਹੈ, ਉਸ ਨੂੰ ਗਲੇ ਲਾਈ ਜਾਣਾ, ਉਸਾਰੀ ਜਾਣਾ ਤੇ ਅਜ਼ਾਦੀ ਵੱਲ ਨੂੰ ਤੁਰੀ ਜਾਣਾ।

ਸਾਰੀ ਗੱਲ ਦਾ ਸਮਝਣ ਵਾਲਾ, ਹੱਡਾਂ ਵਿਚ ਵਸਾਉਣ ਵਾਲਾ ਨੁਕਤਾ ਇਹ ਹੈ ਕਿ ਮੁਲਕ ਜਾਂ ਸਮਾਜ ਦੇ ਆਰਥਕ ਸਿਆਸੀ ਤੇ ਕਲਚਰਲ ਪੱਖ ਹਮੇਸ਼ਾ ਇਕੱਠੇ ਜਾਂਦੇ ਹਨ। ਇਹ ਆਪਸ ਵਿਚ ਨਿਖੇੜੇ ਜਾ ਸਕਦੇ ਹੀ ਨਹੀਂ। ਜੇ ਕਿਸੇ ਸਮਾਜ ਨੇ ਆਪਣੀ ਆਰਥਿਕਤਾ ਦੇ ਆਪ ਮਾਲਿਕ ਰਹਿਣਾ ਹੈ, ਉਸਨੂੰ ਆਪਣੇ ਹਿਤੀਂ ਵਰਨਾ ਹੈ ਤਾਂ ਉਸਦੇ ਵਾਸਤੇ ਲਾਜ਼ਮੀ ਹੈ ਕਿ ਉਹ ਆਪਣੇ ਕਲਚਰ ਦਾ ਆਪ ਮਾਲਕ ਰਹੇ। ਕਿਸੇ ਹੋਰ ਦੀ, ਅਫਰਾਉਂ ਦੀ ਕਲਚਰ ਦੇ ਧੰਦੇ ਵਿਚ ਨਾ ਫਸ ਜਾਵੇ। ਆਪਣੀ ਕਲਚਰ ਨੂੰ, ਆਪਣੀ ਅਜ਼ਾਦੀ ਦੀ ਜਿੰਦ ਜਾਨ ਸਮਝਕੇ ਉਸਦੀ ਰਾਖੀ ਕਰੇ। ਆਪਣੀ ਆਰਥਕਤਾ ਅਤੇ ਕਲਚਰ ਦੀ ਰਾਖੀ ਵਾਸਤੇ ਸਿਆਸੀ ਤਾਕਤ ਸਪੱਸ਼ਟ ਹੀ ਲਾਜ਼ਮੀ ਹੈ। ਸਿਆਸੀ ਤਾਕਤ ਤੋਂ ਬਗੈਰ ਨਾ ਆਪਣੀ ਆਰਥਿਕਤਾ ਹੀ ਆਪਣੇ ਹੱਥ ਰਹਿ ਸਕਦੀ ਹੈ ਤੇ ਨਾ ਹੀ ਕਲਚਰ ਬਚ ਸਕਦੀ ਹੈ, ਤੇ ਸਮਾਜ ਨੇ ਆਪਣੀ ਹੋਣੀ ਦੇ, ਤਕਦੀਰ ਦੇ ਆਪ ਮਾਲਕ ਰਹਿਣਾ ਕਾਹਦੇ ਆਸਰੇ ਹੋਇਆ? ਸਾਮਰਾਜ ਦਾ ਚੂੰਕਿ ਅਸਲਾ ਹੀ ਅਗਲਿਆਂ ਦੀ ਉਨ ਲਾਹੁਣਾ ਹੁੰਦਾ ਹੈ ਅਤੇ ਉਸਨੂੰ ਸਪੱਸ਼ਟ ਹੈ ਕਿ ਉਹਨਾਂ ਨੂੰ ਸਿਆਸੀ ਤੌਰ ਤੇ ਨਿਹੱਥਿਆਂ ਕੀਤਿਆਂ ਬਗੈਰ ਉਹਨਾਂ ਦੀ ਕਲਚਰ ਵਲੋਂ ਉਹਨਾਂ ਦੇ ਹੱਥ ਧੁਆਈ ਰੱਖਿਆਂ ਬਗੈਰ, ਉਹਨਾਂ ਆਪਣੀ ਰੱਤ ਨਹੀਂ ਨੁਚੜਨ ਦੇਣੀ, ਉਹ ਅਗਲਿਆਂ ਦੀ ਸਿਆਸੀ ਤਾਕਤ ਅਤੇ ਕਲਚਰ ਨੂੰ ਜੜੋਂ ਲੈਂਦਾ ਹੈ। ਉਹਨਾਂ ਨੂੰ ਆਪਣੀ ਕਲਚਰ ਦੇ ਫੰਧੇ ਵਿਚ ਫਾਹੁੰਦਾ ਹੈ।

ਸਮਾਜ ਦੀ, ਜਮਾਤ ਦੀ ਕਲਚਰ ਨੂੰ, ਬੰਦੇ ਦੀ ਬਣਤਰ ਨੂੰ ਆਪਣੇ ਹਿਤ ਦੇ ਅਨੁਸਾਰੀ, ਆਪਣੇ ਅਧੀਨ ਕਰਨ ਤੋਂ ਬਗੈਰ ਨਾ ਕੋਈ ਬਾਹਰੋਂ ਆਇਆ ਸਾਮਰਾਜ ਕਾਮਯਾਬ ਹੋ ਸਕਦਾ ਹੈ ਅਤੇ ਨਾ ਕੋਈ ਹਾਕਮ ਜਮਾਤ। ਇਸ ਵਾਸਤੇ ਲਾਜ਼ਮੀ ਹੈ ਕਿ ਜੇ ਲੋਕਾਂ ਨੇ ਆਪਣੀ ਤਕਦੀਰ ਦੇ ਆਪ ਮਾਲਕ ਬਣਨਾ ਹੈ, ਆਪਣੇ ਹੱਥਾਂ ਦੀ ਕਮਾਈ ਆਪਣੇ ਵਾਸਤੇ ਮਹਿਫੂਜ਼ ਰੱਖਣੀ ਹੈ, ਉਸਨੂੰ ਜਰਵਾਣਿਆਂ ਤੋਂ ਬਚਾਉਣਾ ਹੈ ਤਾਂ ਉਹਨਾਂ ਵਾਸਤੇ ਲਾਜ਼ਮੀ ਹੈ ਕਿ ਇਕ ਤਾਂ ਉਹ ਸਿਆਸੀ ਤਾਕਤ ਆਪਣੇ ਹੱਥ ਲੈਣ ਅਤੇ ਦੂਸਰੇ ਆਪਣੇ ਹਿੱਤੀ ਕਲਚਰ ਉਸਾਰਨ।

ਜਦੋਂ ਕੋਈ ਤੁਹਾਡੀ ਕਲਚਰ ਉਪਰ ਹਮਲਾ ਕਰਦਾ ਹੈ-ਬੋਲੀ ਜੋ ਕਲਚਰ ਦੀ ਨੀਂਹ ਹੈ ਉਸ ਤੇ ਵਾਰ ਕਰਦਾ ਹੈ, ਉਹ ਖੈਰ ਹੱਥਾ ਨਹੀਂ ਹੁੰਦਾ। ਉਹ ਤੁਹਾਡਾ ਮਿੱਤ ਨਹੀਂ ਹੁੰਦਾ, ਉਹ ਤੁਹਾਡੀ ਜ਼ਿੰਦਗੀ ਦਾ ਘਾਤਕ ਹੁੰਦਾ ਹੈ। ਤੁਹਾਨੂੰ ਗ਼ੁਲਾਮ ਬਣਾ ਕੇ ਤੁਹਾਡਾ ਢਿੱਡ ਧੋਣ ਦੇ ਰਾਹ ਹੁੰਦਾ ਹੈ। ਅਤੇ ਤੁਸੀਂ ਉਸਨੂੰ ਠੱਲ੍ਹ ਨਹੀਂ ਪਾਉਂਦੇ, ਪੈਂਦੀ ਸੱਟ ਉਸਦੇ ਦੰਦ ਖੱਟੇ ਨਹੀਂ ਕਰਦੇ, ਤੁਸੀਂ ਸਮਕ ਗਏ। ਜਿਹਨਾਂ ਨੇ ਅਗਲਿਆਂ ਨੂੰ ਗ਼ੁਲਾਮ ਬਣਾਕੇ, ਉਹਨਾਂ ਦੇ ਢਿੱਡ ਧੋਣੇ ਹੁੰਦੇ ਹਨ, ਉਹ ਉਹਨਾਂ ਉਤੇ ਆਪਣਾ ਕਬਜ਼ਾ ਰੱਖਣ ਵਾਸਤੇ ਨਿਰੋਲ ਆਪਣੀ ਫੌਜੀ ਤਾਕਤ ਉਪਰ ਹੀ ਨਿਰਭਰ ਨਹੀਂ ਰਹਿੰਦੇ। ਉਹਨਾਂ ਨੂੰ ਚੜ੍ਹੇ ਦਿਨ ਵਰਗਾ ਚਾਨਣ ਹੁੰਦਾ ਹੈ ਕਿ ਨਿਰੋਲ ਫੌਜੀ ਤਾਕਤ ਕੋਈ ਖੋਹਣ ਨਹੀਂ ਖੋਹ ਸਕਦੀ।